ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062

(ਕਾਰਜ ਸੰਚਾਲਨ)

ਨੰ:ਪਸਸਬ-ਸ.ਸ-ਕਸ-2026/..2667

ਮਿਤੀ: 20-01-2026

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ, (ਸੈ. ਸਿ),

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,

ਸਮੂਹ ਜ਼ਿਲ੍ਹਾ ਮੈਨੇਜਰ ਖੇਤਰੀ ਦਫਤਰ,

ਪੰਜਾਬ ਰਾਜ।

**ਵਿਸ਼ਾ: ਦਸਵੀਂ ਅਤੇ ਬਾਰਵੀਂ ਪਰੀਖਿਆਵਾਂ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ ਕੰਪਾਰਟਮੈਂਟ/ ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜ਼ਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆਵਾਂ ਦੇ ਸੰਚਾਲਨ ਸਬੰਧੀ।**

*******

ਵਿਸ਼ੇ ਅਧੀਨ ਪ੍ਰਯੋਗੀ ਪਰੀਖਿਆਵਾਂ ਮਿਤੀ 02-02-2026 ਤੋਂ ਮਿਤੀ 12-02-2026 ਤੱਕ ਕਰਵਾਈਆਂ ਜਾ ਰਹੀਆਂ ਹਨ। ਮਿਤੀ 24-12-2025 ਅਤੇ ਮਿਤੀ 07-01-2026 ਨੂੰ ਜਾਰੀ ਹਦਾਇਤਾਂ ਦੀ ਲਗਾਤਾਰਤਾ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ ਕਿ ਪਰੀਖਿਆਵਾਂ ਦਾ ਸੰਚਾਲਨ ਹੇਠ ਲਿਖੇ ਅਨੁਸਾਰ ਕਰਵਾਇਆ ਜਾਵੇ:-

<u>ਦਸਵੀਂ ਸ਼੍ਰੇਣੀ ਲਈ :-</u>

ਦਸਵੀਂ ਸ਼੍ਰੇਣੀ ਲਈ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਦੇ ਪਰੀਖਿਆਰਥੀਆਂ ਦੀ ਪ੍ਰਯੋਗੀ ਪਰੀਖਿਆ ਉਹਨਾਂ ਦੇ ਸੈਲਫ ਪਰੀਖਿਆ( Study Center) ਕੇਂਦਰਾਂ ਵਿੱਚ ਕਰਵਾਈ ਜਾਣੀ ਹੈ। ਸਕੂਲ ਦੇ ਸਬੰਧਤ ਵਿਸ਼ਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਵੱਲੋਂ ਪ੍ਰਸ਼ਨ ਪੱਤਰ ਤਿਆਰ ਕਰਕੇ ਪਰੀਖਿਆਰਥੀਆਂ ਦੀ ਸੁਵਿਧਾ ਅਨੁਸਾਰ ਗਰੁੱਪ ਬਣਾ ਕੇ ਪ੍ਰਯੋਗੀ ਪਰੀਖਿਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਦਸਵੀਂ ਸ਼੍ਰੇਣੀ ਦੇ ਓਪਨ ਸਕੂਲ ਦੇ ਕੰਪਾਰਟਮੈਂਟ/ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ ਕਾਰਗੁਜ਼ਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਦੀਆਂ ਪ੍ਰਯੋਗੀ ਪਰੀਖਿਆਵਾਂ ਵੀ ਉਸ ਪ੍ਰੀਖਿਆ ਕੇਂਦਰ ਵਿਖੇ ਹੋਣਗੀਆਂ ਜਿੱਥੇ ਉਹਨਾਂ ਦਾ ਥਿਊਰੀ ਦਾ ਪੇਪਰ ਹੋਵੇਗਾ। ਵਧੇਰੇ ਜਾਣਕਾਰੀ ਲਈ ਪਰੀਖਿਆਰਥੀ ਨੂੰ ਐਡਮਿਟ ਕਾਰਡ ਚੈੱਕ ਕਰਨ ਦੀ ਹਦਾਇਤ ਕੀਤੀ ਜਾਵੇ।

<u>ਬਾਰਵੀਂ ਸ਼੍ਰੇਣੀ ਲਈ :-</u>

ੳ). ਸਕੂਲਾਂ ਦੇ ਰੈਗੂਲਰ ਪਰੀਖਿਆਰਥੀਆਂ ਲਈ ਬੋਰਡ ਦਫਤਰ ਵੱਲੋਂ ਫਿਜ਼ਿਕਸ, ਕਮਿਸਟਰੀ, ਬਾਇਓਲੋਜੀ, ਅਕਾਊਂਟੈਂਸੀ-2, ਫੰਡਾਮੈਂਟਲਜ਼ ਆਫ ਈ-ਬਿਜ਼ਨਸ , ਕੰਪਿਊਟਰ ਸਾਇੰਸ ,ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ਦੀ ਪ੍ਰਯੋਗੀ ਪਰੀਖਿਆ ਸਬੰਧਤ ਵਿਦਿਆਰਥੀਆਂ ਦੇ Self ਸੈਂਟਰਾਂ ਵਿੱਚ ਹੀ ਕਰਵਾਈ ਜਾਵੇਗੀ। ਇਹ ਪਰੀਖਿਆ ਐਕਸਟਰਨਲ ਪਰੀਖਿਅਕਾਂ ਵੱਲੋਂ ਕਰਵਾਈ ਜਾਵੇਗੀ।

Scanned with CamScanner

ਅ) ਓਪਨ ਸਕੂਲ ਦੇ ਵਿਦਿਆਰਥੀਆਂ ਦੇ ਇਹਨਾਂ ਵਿਸ਼ਿਆਂ (ਫਿਜ਼ਿਕਸ, ਕਮਿਸਟਰੀ, ਬਾਇਓਲੋਜੀ, ਅਕਾਊਂਟੈਂਸੀ-2, ਫੰਡਾਮੈਂਟਲਜ਼ ਆਫ ਈ-ਬਿਜ਼ਨਸ ,ਕੰਪਿਊਟਰ ਸਾਇੰਸ, ਹੋਮ ਸਾਇੰਸ ਅਤੇ ਕੰਪਿਊਟਰ ਐਪਲੀਕੇਸ਼ਨ ਵਿਸ਼ਿਆਂ ) ਦੀਆਂ ਪ੍ਰਯੋਗੀ ਪਰੀਖਿਆਵਾਂ ਉਸ ਪ੍ਰੀਖਿਆ ਕੇਂਦਰ ਵਿਖੇ ਹੋਣਗੀਆਂ ਜਿੱਥੇ ਉਹਨਾਂ ਦਾ ਥਿਊਰੀ ਦਾ ਪੇਪਰ ਹੋਵੇਗਾ । ਵਧੇਰੇ ਜਾਣਕਾਰੀ ਲਈ ਪਰੀਖਿਆਰਥੀ ਨੂੰ ਐਡਮਿਟ ਕਾਰਡ ਚੈੱਕ ਕਰਨ ਦੀ ਹਦਾਇਤ ਦਿੱਤੀ ਜਾਵੇ।

ਇਸ ਤੋਂ ਇਲਾਵਾ ਓਪਨ ਸਕੂਲ ਦੇ ਕੰਪਾਰਟਮੈਂਟ/ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜ਼ਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਦੀ ਪ੍ਰਯੋਗੀ ਪਰੀਖਿਆਵਾਂ ਵੀ ਉਸ ਪ੍ਰੀਖਿਆ ਸੈਂਟਰ ਵਿਖੇ ਹੋਣਗੀਆਂ ਜਿੱਥੇ ਉਹਨਾਂ ਦਾ ਥਿਊਰੀ ਦਾ ਪੇਪਰ ਹੋਵੇਗਾ। **ਬਾਰਵੀਂ ਸ਼੍ਰੇਣੀ (ਸਮੇਤ ਓਪਨ ਸਕੂਲ) ਦੇ ਬਾਕੀ ਰਹਿੰਦੇ ਵਿਸ਼ਿਆਂ ਦੀਆਂ ਪਰੀਖਿਆਵਾਂ ਸਕੂਲ ਪੱਧਰ /ਸੈਲਫ ਸੈਂਟਰਾਂ (ਸਟੱਡੀ ਸੈਟਰ)ਵਿਖੇ ਸਬੰਧਤ ਵਿਸ਼ੇ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੁਆਰਾ ਪ੍ਰਸ਼ਨ ਪੱਤਰ ਤਿਆਰ ਕਰਕੇ ਕਰਵਾਈਆਂ ਜਾਣੀਆਂ ਹਨ।**

20/1/21

ਸਹਾਇਕ ਸਕੱਤਰ (ਕਾਰਜ ਸੰਚਾਲਨ)
ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner